# ਨਿਊਜ਼ ਰਿਲੀਜ਼

## ਵਰਕਸੇਫਬੀਸੀ ਅਤੇ ਬੀ ਸੀ ਹਾਈਡਰੋ ਦਾ ਕਹਿਣਾ ਹੈ ਕਿ ਬੀ.ਸੀ. ਵਿੱਚ ਬਿਜਲੀ ਲਾਈਨਾਂ ਨਾਲ ਸਬੰਧਿਤ ਜ਼ਿਆਦਾਤਰ ਸੱਟਾਂ ਵਿੱਚ ਗੈਰ-ਬਿਜਲੀ ਵਰਕਰ ਸ਼ਾਮਲ ਹਨ।

*ਅੰਕੜੇ ਦਰਸਾਉਂਦੇ ਹਨ ਕਿ ਬਿਜਲੀ ਦੀਆਂ ਘਟਨਾਵਾਂ ਬਿਜਲੀ ਦੇ ਕੰਮਾਂ ਤੋਂ ਬਾਹਰ ਕੰਮ ਕਰਨ ਵਾਲੇ ਵਰਕਰਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੀਆਂ ਹਨ।*

**ਬ੍ਰਿਟਿਸ਼ ਕੋਲੰਬੀਆ (29 ਮਈ, 2026)** — ਜਿਵੇਂ ਕਿ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਕੰਸਟਰੱਕਸ਼ਨ ਅਤੇ ਹੋਰ ਮੌਸਮੀ ਕੰਮ ਤੇਜ਼ੀ ਨਾਲ ਵਧ ਰਹੇ ਹਨ, ਬੀ ਸੀ ਹਾਈਡਰੋ ਅਤੇ ਵਰਕਸੇਫਬੀਸੀ ਕੰਮ-ਮਾਲਕਾਂ ਅਤੇ ਵਰਕਰਾਂ ਨੂੰ ਯਾਦ ਦਿਵਾ ਰਹੇ ਹਨ ਕਿ ਬਿਜਲੀ ਦੇ ਖਤਰੇ ਉਚਾਈਆਂ (ਓਵਰਹੈੱਡ) ਅਤੇ ਧਰਤੀ ਵਿੱਚ (ਅੰਡਰਗਰਾਊਂਡ) ਬਿਜਲੀ ਦੀਆਂ ਲਾਈਨਾਂ ਦੇ ਨੇੜੇ ਕੰਮ ਕਰਨ ਵਾਲੇ ਸਾਰੇ ਕਿੱਤਿਆਂ ਵਿੱਚ ਵਰਕਰਾਂ ਲਈ ਖਤਰੇ ਪੈਦਾ ਕਰਦੇ ਹਨ।

ਵਰਕਸੇਫਬੀਸੀ ਦੇ ਅੰਕੜੇ ਦਰਸਾਉਂਦੇ ਹਨ ਕਿ ਬਿਜਲੀ ਦੀਆਂ ਘਟਨਾਵਾਂ ਬਿਜਲੀ ਦੇ ਕੰਮਾਂ ਤੋਂ ਬਾਹਰ ਦੇ ਵਰਕਰਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੀਆਂ ਹਨ ਜੋ ਫਿਰ ਵੀ ਆਪਣੇ ਕੰਮਾਂ ਦੇ ਹਿੱਸੇ ਵਜੋਂ ਬਿਜਲੀ ਦੀਆਂ ਲਾਈਨਾਂ ਦੇ ਸੰਪਰਕ ਵਿੱਚ ਆ ਸਕਦੇ ਹਨ, ਜਿਵੇਂ ਕਿ ਕੰਸਟਰੱਕਸ਼ਨ ਵਰਕਰ, ਖਿੜਕੀਆਂ ਧੋਣ ਵਾਲੇ, ਪੇਂਟਰ, ਸਰਵੇਅਰ ਅਤੇ ਕਰੇਨ ਅਤੇ ਭਾਰੀ ਮਸ਼ੀਨਰੀ ਚਲਾਉਣ ਵਾਲੇ। 2015 ਤੋਂ 2025 ਤੱਕ, ਬਿਜਲੀ ਦੀਆਂ ਲਾਈਨਾਂ ਨਾਲ ਸੰਪਰਕ ਨਾਲ ਸਬੰਧਿਤ ਲਗਭਗ 74 ਪ੍ਰਤੀਸ਼ਤ ਥੋੜ੍ਹੇ ਸਮੇਂ ਦੇ, ਲੰਬੇ ਸਮੇਂ ਦੇ ਅਤੇ ਜਾਨਲੇਵਾ ਕਲੇਮਾਂ ਵਿੱਚ ਗੈਰ-ਬਿਜਲੀ ਕਿੱਤਿਆਂ ਵਿੱਚ ਕੰਮ ਕਰਨ ਵਾਲੇ ਵਰਕਰ ਸ਼ਾਮਲ ਸਨ।

ਬੀ ਸੀ ਹਾਈਡਰੋ ਦਾ ਇੱਕ ਨਵਾਂ ਸਰਵੇਖਣ ਗੈਰ-ਬਿਜਲੀ ਦੇ ਕਿੱਤਿਆਂ ਵਾਲੇ ਵਰਕਰਾਂ ਵਿੱਚ ਬਿਜਲੀ ਬਾਰੇ ਸੁਰੱਖਿਆ ਪ੍ਰਤੀ ਜਾਗਰੂਕਤਾ ਦੀ ਘਾਟ ਨੂੰ ਉਭਾਰਦਿਆਂ ਇਹਨਾਂ ਲਭਤਾਂ ਦੀ ਹੋਰ ਪੁਸ਼ਟੀ ਕਰਦਾ ਹੈ। ਜਦੋਂ ਕਿ ਬਹੁਤ ਸਾਰੇ ਵਰਕਰਾਂ ਨੇ ਕਿਹਾ ਕਿ ਉਹ ਜਾਣਦੇ ਹਨ ਕਿ ਉਹਨਾਂ ਨੂੰ ਅਤੇ ਉਹਨਾਂ ਦੇ ਔਜ਼ਾਰਾਂ ਨੂੰ ਓਵਰਹੈੱਡ ਪਾਵਰ ਲਾਈਨਾਂ (ਉੱਪਰੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ) ਤੋਂ ਕਿੰਨੀ ਦੂਰ ਰਹਿਣਾ ਚਾਹੀਦਾ ਹੈ, 41 ਪ੍ਰਤੀਸ਼ਤ ਲੋੜੀਂਦੀ ਦੂਰੀ ਬਾਰੇ ਸਹੀ ਨਹੀਂ ਦੱਸ ਸਕੇ।

ਅੰਡਰਗਰਾਊਂਡ (ਧਰਤੀ ਵਿੱਚ) ਬਿਜਲੀ ਦੇ ਖਤਰਿਆਂ ਬਾਰੇ ਵੀ ਜਾਗਰੂਕਤਾ ਸੀਮਤ ਹੈ। ਬਤਾਲੀ ਪ੍ਰਤੀਸ਼ਤ ਵਰਕਰਾਂ ਨੇ ਕਿਹਾ ਕਿ ਉਹਨਾਂ ਨੇ ਬੀ ਸੀ 1 ਕਾਲ ਬਾਰੇ ਨਹੀਂ ਸੁਣਿਆ ਸੀ, ਜਾਂ ਉਹਨਾਂ ਨੂੰ ਪੱਕਾ ਨਹੀਂ ਸੀ ਕਿ ਉਹਨਾਂ ਨੇ ਸੁਣਿਆ ਸੀ, ਅਤੇ ਲਗਭਗ 15 ਪ੍ਰਤੀਸ਼ਤ ਨੂੰ ਪੱਕਾ ਪਤਾ ਨਹੀਂ ਸੀ ਕਿ ਖੁਦਾਈ ਕਰਨ ਤੋਂ ਪਹਿਲਾਂ ਕਿਹੜੇ ਕਦਮ ਚੁੱਕੇ ਜਾਣੇ ਜ਼ਰੂਰੀ ਹਨ।

ਬੀ ਸੀ ਹਾਈਡਰੋ ਦੇ ਸੁਰੱਖਿਆ ਦੇ ਸੀਨੀਅਰ ਵਾਈਸ-ਪ੍ਰੈਜ਼ੀਡੈਂਟ ਮੈਟ ਵਿਲਸਨ ਨੇ ਕਿਹਾ, "ਬਿਜਲੀ ਦੇ ਖਤਰੇ ਨੌਕਰੀ ਵਾਲੀਆਂ ਥਾਵਾਂ 'ਤੇ ਇੱਕ ਗੰਭੀਰ ਖਤਰਾ ਬਣੇ ਹੋਏ ਹਨ, ਖਾਸ ਕਰਕੇ ਉਹਨਾਂ ਵਰਕਰਾਂ ਲਈ ਜਿਨ੍ਹਾਂ ਦਾ ਕੰਮ ਵਾਲੀ ਥਾਂ 'ਤੇ ਮੁੱਖ ਕੰਮ ਬਿਜਲੀ ਦਾ ਕੰਮ ਨਹੀਂ ਹੈ, ਪਰ ਉਹ ਬਿਜਲੀ ਦੀਆਂ ਲਾਈਨਾਂ ਦੇ ਨੇੜੇ ਕੰਮ ਕਰਦੇ ਹਨ।" "ਕੰਸਟਰੱਕਸ਼ਨ, ਰੱਖ-ਰਖਾਅ (ਮੇਨਟੇਨੈਂਸ), ਖੁਦਾਈ, ਰੁੱਖਾਂ ਦੀ ਕਟਾਈ ਅਤੇ ਟ੍ਰੈਫਿਕ ਕੰਟਰੋਲ ਕਰਨ ਵਾਲੇ ਵਰਕਰ ਆਮ ਤੌਰ 'ਤੇ ਬਿਜਲੀ ਦੇ ਬੁਨਿਆਦੀ ਢਾਂਚੇ ਦੇ ਸੰਪਰਕ ਵਿੱਚ ਆਉਂਦੇ ਹਨ। ਜਿਵੇਂ-ਜਿਵੇਂ ਗਰਮੀਆਂ ਦੇ ਮਹੀਨਿਆਂ ਵਿੱਚ ਕੰਮ ਦਾ ਬੋਝ ਵਧਦਾ ਹੈ, ਸੱਟ ਲੱਗਣ ਦਾ ਖਤਰਾ ਵੀ ਵਧਦਾ ਹੈ।"

ਵਰਕਸੇਫਬੀਸੀ ਵਿਖੇ ਪ੍ਰੀਵੈਂਸ਼ਨ ਸਰਵਿਸਿਜ਼ (ਰੋਕਥਾਮ ਸੇਵਾਵਾਂ) ਦੇ ਮੁਖੀ ਟੌਡ ਮੈਕਡੋਨਲਡ ਨੇ ਕਿਹਾ, "ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਬਿਜਲੀ ਤੋਂ ਸੁਰੱਖਿਆ ਦਾ ਮੁੱਦਾ ਸਿਰਫ਼ ਇਲੈਕਟ੍ਰੀਸ਼ੀਅਨਾਂ ਜਾਂ ਪਾਵਰ ਲਾਈਨ ਵਰਕਰਾਂ ਲਈ ਨਹੀਂ ਹੈ।" "ਜਿਨ੍ਹਾਂ ਕੰਮ-ਮਾਲਕਾਂ ਦੇ ਵਰਕਰ ਬਿਜਲੀ ਦੀਆਂ ਲਾਈਨਾਂ ਦੇ ਨੇੜੇ ਕੰਮ ਕਰਦੇ ਹਨ - ਭਾਵੇਂ ਇਹ ਕੰਸਟਰੱਕਸ਼ਨ, ਖਿੜਕੀਆਂ ਧੋਣ ਵਾਲੇ ਕੰਮਾਂ ਵਿੱਚ ਹੋਣ ਜਾਂ ਹੋਰ ਉਦਯੋਗਾਂ ਵਿੱਚ - ਉਹਨਾਂ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਉਹਨਾਂ ਦੇ ਵਰਕਰ ਬਿਜਲੀ ਦੀਆਂ ਲਾਈਨਾਂ ਤੋਂ ਲੋੜੀਂਦੀਆਂ ਘੱਟੋ-ਘੱਟ ਸੁਰੱਖਿਅਤ ਦੂਰੀਆਂ ਨੂੰ ਸਮਝਦੇ ਹੋਣ। ਸਾਰੇ ਮਾਮਲਿਆਂ ਵਿੱਚ, ਵਰਕਰਾਂ ਲਈ ਬਿਜਲੀ ਦੀਆਂ ਲਾਈਨਾਂ ਤੋਂ ਘੱਟੋ-ਘੱਟ ਤਿੰਨ ਮੀਟਰ (10 ਫੁੱਟ) ਦੂਰ ਰਹਿਣਾ ਜ਼ਰੂਰੀ ਹੈ, ਅਤੇ ਕੁਝ ਹਾਲਤਾਂ ਵਿੱਚ, ਉਹ ਦੂਰੀ ਵੱਧ ਹੋਣੀ ਜ਼ਰੂਰੀ ਹੈ। ਢੁਕਵੀਂ ਸਿਖਲਾਈ ਅਤੇ ਕੰਮ ਕਰਨ ਦੀਆਂ ਸੁਰੱਖਿਅਤ ਕਾਰਵਾਈਆਂ ਜ਼ਰੂਰੀ ਹਨ।"

ਪਿਛਲੇ 10 ਸਾਲਾਂ ਵਿੱਚ, ਵਰਕਸੇਫਬੀਸੀ ਨੇ ਜ਼ਿਆਦਾ ਵੋਲਟੇਜ ਨਾਲ ਜੁੜੀ ਹੋਈ (ਐਨਰਜਾਈਜ਼ਡ ਹਾਈ-ਵੋਲਟੇਜ) ਮਸ਼ੀਨਰੀ ਤੋਂ ਲੋੜੀਂਦੀ ਦੂਰੀ ਬਣਾਈ ਰੱਖਣ ਵਿੱਚ ਅਸਫਲ ਰਹਿਣ ਲਈ 688 ਆਰਡਰ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚੋਂ 531 ਕੰਸਟਰੱਕਸ਼ਨ ਦੇ ਖੇਤਰ ਵਿੱਚ ਕੰਮ-ਮਾਲਕਾਂ ਨੂੰ ਜਾਰੀ ਕੀਤੇ ਗਏ ਹਨ।

# ਨਿਊਜ਼ ਰਿਲੀਜ਼

ਬੀ ਸੀ ਹਾਈਡਰੋ ਅਤੇ ਵਰਕਸੇਫਬੀਸੀ ਕੰਮ-ਮਾਲਕਾਂ ਅਤੇ ਵਰਕਰਾਂ ਨੂੰ ਉਤਸ਼ਾਹਿਤ ਕਰਦੇ ਹਨ ਕਿ:

- **ਸ਼ਰਤਾਂ ਨੂੰ ਜਾਣੋ**: ਸੁਰੱਖਿਆ ਲਈ ਘੱਟੋ-ਘੱਟ ਲੋੜੀਂਦੀਆਂ ਦੂਰੀਆਂ ਅਤੇ ਲੋੜੀਂਦੇ ਸੁਰੱਖਿਆ ਉਪਾਵਾਂ ਨੂੰ ਸਮਝਣ ਲਈ ਕਿੱਤਾਮੁਖੀ ਸਿਹਤ ਅਤੇ ਸੁਰੱਖਿਆ ਦੇ ਨਿਯਮ (ਓ ਐੱਚ ਐੱਸ ਆਰ) ਅਤੇ ਵਰਕਸੇਫਬੀਸੀ ਦੀਆਂ ਸੇਧਾਂ 'ਤੇ ਝਾਤ ਮਾਰੋ।
- **ਉੱਪਰ ਦੇਖੋ, ਹੇਠਾਂ ਦੇਖੋ, ਅਤੇ ਪਿੱਛੇ ਰਹੋ:** ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉੱਪਰੋਂ ਲੰਘਦੀਆਂ ਅਤੇ ਹੇਠਾਂ ਦੱਬੀਆਂ ਬਿਜਲੀ ਦੀਆਂ ਲਾਈਨਾਂ ਦੀ ਪਛਾਣ ਕਰੋ ਅਤੇ ਹਮੇਸ਼ਾ ਉਹਨਾਂ ਤੋਂ ਘੱਟੋ-ਘੱਟ ਤਿੰਨ ਮੀਟਰ (10 ਫੁੱਟ) ਦੂਰ ਰਹੋ — ਜਾਂ ਇਸ ਤੋਂ ਵੱਧ ਜੇ, ਓ ਐੱਚ ਐੱਸ ਆਰ ਦੇ ਅਧੀਨ ਕੰਮ ਲਈ ਲੋੜ ਪਵੇ। ਕੋਈ ਵੀ ਪ੍ਰੋਜੈਕਟ ਜਿਸ ਵਿੱਚ ਧਰਤੀ ਦੀ ਖੁਦਾਈ ਕਰਨ ਦੀ ਲੋੜ ਹੁੰਦੀ ਹੈ, ਇਸ ਦਾ ਮਤਲਬ ਹੁੰਦਾ ਹੈ ਕਿ ਤੁਹਾਡੇ ਲਈ ਪਹਿਲਾਂ ਬੀ ਸੀ 1 ਕਾਲ 'ਤੇ ਕਲਿੱਕ ਕਰਨਾ ਜ਼ਰੂਰੀ ਹੈ ਜਾਂ ਕਾਲ ਕਰਨੀ ਜ਼ਰੂਰੀ ਹੈ।
- **ਸਹੀ ਸਾਜ਼ ਸਮਾਨ ਚੁਣੋ**: ਕਦੇ ਵੀ ਬਿਜਲੀ ਦੀਆਂ ਲਾਈਨਾਂ ਦੇ ਨੇੜੇ ਧਾਤ ਜਾਂ ਐਲੂਮੀਨੀਅਮ ਵਰਗੀਆਂ ਚਾਲਕ (ਜਿਨ੍ਹਾਂ ਵਿੱਚੋਂ ਬਿਜਲੀ ਲੰਘ ਸਕਦੀ ਹੋਵੇ) ਪੌੜੀਆਂ ਦੀ ਵਰਤੋਂ ਨਾ ਕਰੋ। ਫਾਈਬਰਗਲਾਸ ਦੀਆਂ ਪੌੜੀਆਂ ਖਤਰੇ ਨੂੰ ਘਟਾਉਂਦੀਆਂ ਹਨ ਪਰ ਬਿਜਲੀ ਦੇ ਖਤਰਿਆਂ ਨੂੰ ਖਤਮ ਨਹੀਂ ਕਰਦੀਆਂ ਜਾਂ ਸੁਰੱਖਿਆ ਲਈ ਘੱਟੋ-ਘੱਟ ਲੋੜੀਂਦੀ ਦੂਰੀ ਦੇ ਅੰਦਰ ਕੰਮ ਕਰਨ ਦੀ ਆਗਿਆ ਨਹੀਂ ਦਿੰਦੀਆਂ।
- **ਮਦਦ ਲਈ ਕਾਲ ਕਰੋ**: ਜੇਕਰ ਤੁਸੀਂ ਕਿਸੇ ਡਿੱਗੀ ਹੋਈ, ਨੁਕਸਾਨੀ ਹੋਈ, ਜਾਂ ਥੱਲੇ ਲਟਕਦੀ ਬਿਜਲੀ ਦੀ ਲਾਈਨ, ਧਰਤੀ ਹੇਠਲੀ ਨੰਗੀ ਤਾਰ, ਜਾਂ ਅਜਿਹੇ ਸਾਜ਼ ਸਮਾਨ ਨੂੰ ਦੇਖਦੇ ਹੋ ਜੋ ਕਿਸੇ ਬਿਜਲੀ ਦੀ ਲਾਈਨ ਨਾਲ ਸੰਪਰਕ ਵਿੱਚ ਆਇਆ ਹੈ, ਤਾਂ ਇਹਨਾਂ ਨੂੰ ਕਰੰਟ ਵਾਲੇ ਅਤੇ ਖ਼ਤਰਨਾਕ ਸਮਝੋ, ਭਾਵੇਂ ਇਹ ਚੰਗਿਆੜੀਆਂ ਨਾ ਛੱਡ ਰਹੇ ਹੋਣ ਜਾਂ ਆਵਾਜ਼ ਨਾ ਕਰ ਰਹੇ ਹੋਣ। ਘੱਟੋ-ਘੱਟ 10 ਮੀਟਰ (33 ਫੁੱਟ) ਪਿੱਛੇ ਰਹੋ ਅਤੇ 911 'ਤੇ ਕਾਲ ਕਰੋ।

### ਕੰਮ-ਮਾਲਕ ਦੀਆਂ ਜ਼ਿੰਮੇਵਾਰੀਆਂ

ਕੰਮ-ਮਾਲਕ ਇਹ ਯਕੀਨੀ ਬਣਾ ਕੇ ਕਿ ਵਰਕਰ ਆਪਣੇ ਖਤਰਿਆਂ ਤੋਂ ਜਾਣੂ ਹਨ, ਸਿਖਲਾਈ ਪ੍ਰਾਪਤ ਹਨ, ਨਿਗਰਾਨੀ ਅਧੀਨ ਹਨ ਅਤੇ ਕੰਮ ਕਰਨ ਦੀਆਂ ਸੁਰੱਖਿਅਤ ਕਾਰਵਾਈਆਂ ਦੀ ਪਾਲਣਾ ਕਰ ਰਹੇ ਹਨ, ਵਰਕਰਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹਨ। ਇਸ ਵਿੱਚ ਨੇੜਲੇ ਬਿਜਲੀ ਦੇ ਸਿਸਟਮ (ਬਿਜਲੀ ਦੀਆਂ ਲਾਈਨਾਂ ਅਤੇ ਸਾਜ਼ ਸਮਾਨ ਆਦਿ) ਦੀ ਪਛਾਣ ਕਰਨਾ, ਸੁਰੱਖਿਆ ਲਈ ਲੋੜੀਂਦੀ ਘੱਟੋ-ਘੱਟ ਦੂਰੀ ਬਣਾਈ ਰੱਖਣਾ, ਢੁਕਵੇਂ ਸਾਜ਼ ਸਮਾਨ ਦੀ ਵਰਤੋਂ ਕਰਨਾ ਅਤੇ ਬਿਜਲੀ ਦੀ ਸਪਲਾਈ ਕਰਨ ਵਾਲੀ ਕੰਪਨੀ ਨੂੰ ਸੰਭਾਵੀ ਖਤਰਿਆਂ ਬਾਰੇ ਸੂਚਿਤ ਕਰਨਾ ਸ਼ਾਮਲ ਹੈ।

### ਵਰਕਰਾਂ ਦੀਆਂ ਜ਼ਿੰਮੇਵਾਰੀਆਂ

ਹੋਰ ਹਰ ਕਿਸੇ ਵਾਂਗ, ਵਰਕਰਾਂ ਲਈ ਵੀ ਕੰਮ ਵਾਲੀ ਥਾਂ 'ਤੇ ਸਿਹਤ ਅਤੇ ਸੁਰੱਖਿਆ ਲਈ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣਾ ਜ਼ਰੂਰੀ ਹੈ। ਜਿਨ੍ਹਾਂ ਵਰਕਰਾਂ ਨੂੰ ਬਿਜਲੀ ਨਾਲ ਜੁੜੇ ਸਾਜ਼ ਸਮਾਨ ਦੇ ਨੇੜੇ ਕੰਮ ਕਰਨ ਦੀ ਲੋੜ ਹੁੰਦੀ ਹੈ, ਉਹਨਾਂ ਲਈ ਵਰਕਸੇਫਬੀਸੀ ਦੁਆਰਾ ਮਾਨਤਾ ਪ੍ਰਾਪਤ ਸਿਖਲਾਈ ਲੈਣੀ ਜ਼ਰੂਰੀ ਹੈ। ਸਿਰਫ਼ ਸਿਖਲਾਈ ਪ੍ਰਾਪਤ ਅਤੇ ਅਧਿਕਾਰਿਤ ਵਰਕਰ ਹੀ ਬਿਜਲੀ ਨਾਲ ਜੁੜੇ ਸਾਜ਼ ਸਮਾਨ ਤੋਂ ਸੁਰੱਖਿਆ ਲਈ ਆਮ ਲੋੜੀਂਦੀ ਦੂਰੀ ਤੋਂ ਨੇੜੇ ਕੰਮ ਕਰ ਸਕਦੇ ਹਨ, ਅਤੇ ਸਿਰਫ਼ ਉਦੋਂ ਹੀ ਜਦੋਂ ਸੁਰੱਖਿਆ ਦੇ ਵਧੇਰੇ ਉਪਾਅ ਲਾਗੂ ਹੋਣ।

ਰੈਗੂਲੇਟਰੀ ਸ਼ਰਤਾਂ ਤੋਂ ਇਲਾਵਾ, ਬੀ ਸੀ ਹਾਈਡਰੋ ਕਿੱਤੇ ਦੇ ਵਰਕਰਾਂ, ਐਮਰਜੈਂਸੀ ਦੀਆਂ ਸੇਵਾਵਾਂ ਦੇਣ ਵਾਲਿਆਂ ਅਤੇ ਹੋਰ ਜਿਹੜੇ ਜ਼ਿਆਦਾ ਵੋਲਟੇਜ ਵਾਲੀਆਂ ਬਿਜਲੀ ਦੀਆਂ ਤਾਰਾਂ (ਹਾਈ-ਵੋਲਟੇਜ ਪਾਵਰ ਲਾਈਨਾਂ) ਦੇ ਨੇੜੇ ਕੰਮ ਕਰ ਸਕਦੇ ਹਨ ਲਈ ਬਿਜਲੀ ਤੋਂ ਸੁਰੱਖਿਆ ਲਈ ਜਾਗਰੂਕਤਾ ਦੀ ਮੁਫਤ ਸਿਖਲਾਈ ਦੀ ਪੇਸ਼ਕਸ਼ ਕਰਦੀ ਹੈ।

## ਸਰਵੇਖਣ ਦੇ ਨਤੀਜੇ

ਵਰਕਰਾਂ ਦੀ ਜਾਗਰੂਕਤਾ ਨੂੰ ਬਿਹਤਰ ਢੰਗ ਨਾਲ ਸਮਝਣ ਲਈ, ਬੀ ਸੀ ਹਾਈਡਰੋ ਨੇ ਮਾਰਚ ਅਤੇ ਅਪ੍ਰੈਲ 2026 ਵਿੱਚ ਬਿਜਲੀ ਦੇ ਨੇੜੇ ਕੰਮ ਕਰਨ ਵਾਲੇ ਬੀ.ਸੀ. ਦੇ 200 ਵਰਕਰਾਂ ਦਾ ਸਰਵੇਖਣ ਕੀਤਾ। ਨਤੀਜੇ, ਵਰਕਰਾਂ ਦੇ ਵਿਸ਼ਵਾਸ ਅਤੇ ਅਸਲ ਜਾਣਕਾਰੀ ਵਿਚਕਾਰ ਇੱਕ ਸਪੱਸ਼ਟ ਪਾੜਾ ਦਰਸਾਉਂਦੇ ਹਨ - ਖਾਸ ਕਰਕੇ ਉਹਨਾਂ ਵਰਕਰਾਂ ਵਿੱਚ ਜਿਨ੍ਹਾਂ ਦੇ ਕੰਮਾਂ ਵਿੱਚ ਮੁੱਖ ਤੌਰ 'ਤੇ ਬਿਜਲੀ ਦੇ ਕੰਮ ਸ਼ਾਮਲ ਨਹੀਂ ਹਨ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਬਿਜਲੀ ਦੀਆਂ ਲਾਈਨਾਂ ਦੇ ਨੇੜੇ ਕੰਮ ਕਰਨਾ ਪੰਨੇ ਅਤੇ bchydro.com/threemetres 'ਤੇ ਜਾਓ।



BC Hydro Power smart | WORK SAFE BC

# ਨਿਊਜ਼ ਰਿਲੀਜ਼

-30-

**ਵਰਕਸੇਫਬੀਸੀ ਬਾਰੇ**

ਵਰਕਸੇਫਬੀਸੀ ਗੈਰ-ਮੁਨਾਫ਼ਾ ਵਰਕਰਜ਼ ਕੰਪਨਸੇਸ਼ਨ ਸਿਸਟਮ ਚਲਾਉਂਦਾ ਹੈ ਜਿਸ ਨੂੰ ਸਿਰਫ਼ ਕੰਮ-ਮਾਲਕਾਂ ਦੁਆਰਾ ਦਿੱਤੀਆਂ ਜਾਂਦੀਆਂ ਬੀਮੇ ਦੀਆਂ ਕਿਸ਼ਤਾਂ (ਪ੍ਰੀਮੀਅਮ) ਅਤੇ ਨਿਵੇਸ਼ ਤੋਂ ਹੋਏ ਲਾਭ ਦੁਆਰਾ ਫੰਡ ਮਿਲਦੇ ਹਨ। ਇਹ ਸੰਸਥਾ ਪੂਰੇ ਬੀ ਸੀ ਵਿੱਚ 2.7 ਮਿਲੀਅਨ ਵਰਕਰਾਂ ਅਤੇ 286,000 ਕੰਮ-ਮਾਲਕਾਂ ਦੀ ਨੋ-ਫਾਲਟ (ਹਾਦਸਾ ਭਾਵੇਂ ਕਿਸੇ ਨੇ ਵੀ ਕੀਤਾ ਹੋਵੇ) ਕੰਮ ਵਾਲੀ ਥਾਂ ਦੀ ਇੰਸ਼ੋਰੈਂਸ ਕਰਦੀ ਹੈ। ਵਰਕਸੇਫਬੀਸੀ ਬੀ. ਸੀ. ਵਿੱਚ ਸੱਟ, ਬਿਮਾਰੀ ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫਬੀਸੀ ਵਰਕਰਾਂ ਨੂੰ ਉਨ੍ਹਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ।

**ਬੀ ਸੀ ਹਾਈਡਰੋ ਬਾਰੇ**

ਬੀ ਸੀ ਹਾਈਡਰੋ ਪ੍ਰੋਵਿੰਸ਼ੀਅਲ ਕਰਾਊਨ ਕਾਰਪੋਰੇਸ਼ਨ ਹੈ, ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਅਤੇ ਲੋਕਾਂ ਦੀ ਮਲਕੀਅਤ ਹੈ। ਅਸੀਂ ਬੀ.ਸੀ. ਦੀ 95% ਆਬਾਦੀ ਲਈ ਬਿਜਲੀ ਪੈਦਾ ਕਰਦੇ ਹਾਂ ਅਤੇ ਪਹੁੰਚਾਉਂਦੇ ਹਾਂ ਅਤੇ ਪੰਜਾਹ ਲੱਖ ਤੋਂ ਵੱਧ ਲੋਕਾਂ ਦੀ ਸੇਵਾ ਕਰਦੇ ਹਾਂ। ਇਹ ਇੱਕ ਵੱਡੀ ਜ਼ਿੰਮੇਵਾਰੀ ਹੈ ਜੋ ਇੱਕ ਸਧਾਰਨ, ਸਪਸ਼ਟ ਅਤੇ ਸਿੱਧੇ ਮਿਸ਼ਨ ਦੀ ਮੰਗ ਕਰਦੀ ਹੈ ਜਿਸ ਦਾ ਇੱਕ ਸਪਸ਼ਟ ਦ੍ਰਿਸ਼ਟੀਕੋਣ ਹੋਵੇ ਜੋ ਸਾਡੀਆਂ ਕਦਰਾਂ-ਕੀਮਤਾਂ ਦੁਆਰਾ ਸੇਧਿਤ ਹੋਵੇ।

**ਵਧੇਰੇ ਜਾਣਕਾਰੀ ਲਈ, ਸੰਪਰਕ ਕਰੋ:**


ਮੀਡੀਆ ਰੀਲੇਸ਼ਨਜ਼ ਵਰਕਸੇਫਬੀਸੀ
ਈਮੇਲ: media@worksafebc.com
ਟੈਲੀਫੋਨ: 604.276.5157

ਬੀ ਸੀ ਹਾਈਡਰੋ ਮੀਡੀਆ ਰੀਲੇਸ਼ਨਜ਼
ਈਮੇਲ: media@bchydro.com
ਟੈਲੀਫੋਨ: 604.928.6468